## ਟੈਂਡਰ ਨੋਟਿਸ
## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

**Advertisement No:- Ad/10-1/E/16-08**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਹੇਠ ਲਿਖੇ ਕੰਮਾਂ ਲਈ ਲੋਕ ਨਿਰਮਾਣ ਵਿਭਾਗ (ਭ ਤੇ ਮ ਸ਼ਾਖਾ) ਐਮ.ਈ.ਐਸ/ਸੀ.ਪੀ.ਡਬਲਯੂ.ਡੀ ਦੇ ਪ੍ਰਵਾਨਿਤ ਠੇਕੇਦਾਰਾਂ ਪਾਸੋਂ ਮੋਹਰਬੰਦ ਆਈਟਮਾਂ ਪ੍ਰਤੀਸ਼ਤ ਥਰੂ ਰੇਟ ਟੈਂਡਰ ਮੰਗੇ ਜਾਂਦੇ ਹਨ। ਟੈਂਡਰ ਫਾਰਮ ਮਿਤੀ 16-09-2016 ਤੋਂ ਲੈ ਕੇ ਮਿਤੀ 22-09-2016 ਤੱਕ ਦੁਪਹਿਰ 03:00 ਵਜੇ ਤੱਕ ਦਫਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀ ਵੈੱਬ ਸਾਈਟ www.sgpc.net ਤੋਂ ਡਾਊਨਲੋਡ ਕੀਤੇ ਜਾ ਸਕਦੇ ਹਨ ਅਤੇ ਮਿਤੀ 23-09-2016 ਤੀਕ ਦੁਪਹਿਰ 12:00 ਵਜੇ ਤੱਕ ਰਸੀਵ ਕੀਤੇ ਜਾਣਗੇ। ਰਸੀਵ ਕੀਤੇ ਹੋਏ ਟੈਂਡਰ ਉਸੇ ਦਿਨ ਬਾਅਦ ਦੁਪਹਿਰ 01:00 ਵਜੇ ਐਡਮ ਬਲਾਕ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵਿਖੇ ਹਾਜਰ ਠੇਕੇਦਾਰਾਂ ਜਾਂ ਉਹਨਾਂ ਦੇ ਪ੍ਰਤੀਨਿਧਾਂ ਦੇ ਸਾਹਮਣੇ ਖੋਹਲੇ ਜਾਣਗੇ।

| ਸੀ: ਨੰ: | ਕੰਮ ਦਾ ਨਾਮ | ਅੰਦਾਜਨ ਲਾਗਤ | ਅਰਨੈਸਟ ਮਨੀ | ਸਮੇਂ ਦੀ ਹੱਦ | ਟੈਂਡਰ ਫੀਸ |
|---|---|---|---|---|---|
| 1 | ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਨਜਦੀਕ ਬਿਜਲੀ ਦਾ ਸਬ-ਸਟੇਸ਼ਨ ਬਣਾਉਣ ਸਬੰਧੀ।<br>ਨੋਟ:-(ਸਿਰਫ ਡੀ.ਐਨ.ਆਈ.ਟੀ. ਰੇਟ ਅਨੁਸਾਰ ਪਲੱਸ/ਮਾਈਨਸ ਕੀਤਾ ਜਾਵੇਗਾ।) | 67,80,244/- | 1,36,000/- | ਨੌ ਮਹੀਨੇ | 2000/- |
| 2 | ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਪਾ: ਨੌਵੀਂ (ਪਟਿਆਲਾ) ਵਿਖੇ ਨਿਵਾਸ ਦੇ ਬਾਥਰੂਮਾਂ ਦੀ ਮੁਰੰਮਤ ਆਦਿ ਕਰਵਾ ਕੇ ਟਾਈਲਾਂ ਸ਼ੀਟਾਂ ਲਗਾਉਣ ਸਬੰਧੀ | 12,71,000/- | 26,000/- | ਤਿੰਨ ਮਹੀਨੇ | 1000/- |

**ਸ਼ਰਤਾਂ :-**

1) ਅਰਨੈਸਟ ਮਨੀ ਕਿਸੇ ਸੂਚੀਬੱਧ ਬੈਂਕ ਕੇਵਲ ਡਰਾਫਟ ਦੀ ਸ਼ਕਲ ਵਿੱਚ ਸਕੱਤਰ ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਹੱਕ ਵਿੱਚ ਸਵੀਕਾਰ ਕੀਤੀ ਜਾਵੇਗੀ। ਬਗੈਰ ਅਰਨੈਸਟ ਮਨੀ ਟੈਂਡਰ ਨਹੀਂ ਵਿਚਾਰ ਜਾਣਗੇ।
2) ਨਿਮਨ ਹਸਤਾਖਰੀ ਨੂੰ ਕੋਈ ਜਾਂ ਸਾਰੇ ਟੈਂਡਰ ਬਿਨ੍ਹਾਂ ਕਾਰਣ ਦੱਸੇ ਰੱਦ ਕਰਨ ਦਾ ਅਧਿਕਾਰ ਰਾਖਵਾਂ ਹੋਵੇਗਾ।
3) ਸ਼ਰਤਾਂ ਵਾਲੇ ਟੈਂਡਰ ਰੱਦ ਕੀਤੇ ਜਾਣਗੇ।
4) ਟੈਂਡਰ ਫਾਰਮ ਏਜੰਸੀ ਵੱਲੋਂ ਇਨਲਿਸਟਮੈਂਟ ਦੀ ਕਾਪੀ ਅਤੇ ਪਿਛੇਲ ਤਿੰਨ ਸਾਲਾਂ ਦਾ ਇਨਕਮ ਟੈਕਸ ਕਲੀਅਰੈਂਸ ਸਰਟੀਫਿਕੇਟ ਪੇਸ਼ ਕਰਨ ਅਤੇ ਪਿਛਲੇ ਕੀਤੇ ਕੰਮਾਂ ਦੇ ਐਕਸੀਅਨ ਵੱਲੋਂ ਜਾਰੀ ਕੀਤੇ ਸਰਟੀਫਿਕੇਟਾਂ ਦੇ ਅਧਾਰਤ ਤੇ ਹੀ ਜਾਰੀ ਕੀਤੇ ਜਾਣਗੇ।

ਸਕੱਤਰ (ਇਮਾਰਤਾਂ),
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।